ਰੋਜ਼ਾਨਾ ਅਜੀਤ ਜਲੰਧਰ, ਵੀਰਵਾਰ, 22 ਫਰਵਰੀ,

# ਦਫ਼ਤਰ ਰਿਟਰਨਿੰਗ ਅਫ਼ਸਰ, ਮੈਡੀਕਲ ਕੌਂਸਲ ਆਫ ਇੰਡੀਆ ਦੀਆਂ ਚੋਣਾਂ ਲਈ

(ਦਫ਼ਤਰ ਨਿਰਦੇਸ਼ਕ, ਖੋਜ ਅਤੇ ਡਾਕਟਰੀ ਸਿੱਖਿਆ, ਪੰਜਾਬ, ਚੰਡੀਗੜ੍ਹ)

ਐਸ. ਸੀ. ਓ. 87, ਸੈਕਟਰ 40-ਸੀ, ਚੰਡੀਗੜ੍ਹ

## ਨੋਟੀਫਿਕੇਸ਼ਨ

No. R.O./Elect./MCI/3(1)(c)-07/9 ਮਿਤੀ : 21.2.07

ਪੰਜਾਬ ਮੈਡੀਕਲ ਕੌਂਸਿਲ ਤੇ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਜ਼ ਵਿਚੋਂ ਮੈਡੀਕਲ ਕੌਂਸਲ ਆਫ ਇੰਡੀਆ ਦੇ ਇਕ ਮੈਂਬਰ ਦੀ ਚੋਣ ਡਾ. ਗਿਰੀਸ਼ ਤਿਆਗੀ ਬਨਾਮ ਭਾਰਤ ਸੰਘ ਅਤੇ ਹੋਰਾਂ ਦੇ ਟਾਈਟਲ ਵਾਲੀ ਸਿਵਲ ਰਿੱਟ ਪਟੀਸ਼ਨ ਨੰ 23557 ਆਫ 2005 ਵਿਚ ਮਾਣਯੋਗ ਦਿੱਲੀ ਹਾਈ ਕੋਰਟ ਦੇ ਨਿਰਦੇਸ਼ਾਂ ਅਧੀਨ ਇੰਡੀਅਨ ਮੈਡੀਕਲ ਕੌਂਸਲ ਐਕਟ, 1956 ਦੀ ਧਾਰਾ 3 (1) (ਸੀ) ਅਤੇ ਇੰਡੀਅਨ ਮੈਡੀਕਲ ਕੌਂਸਲ ਰੂਲਜ਼ 1957 ਦੀ ਪਾਲਣਾ ਵਿਚ ਕੀਤੀ ਜਾਣੀ ਹੈ।

ਮੈਂ, ਡਾ. ਕਿਰਨਜੀਤ ਕੌਰ ਮੈਡੀਕਲ ਕੌਂਸਲ ਆਫ ਇੰਡੀਆ ਦੀ ਚੋਣ ਲਈ ਰਿਟਰਨਿੰਗ ਅਫ਼ਸਰ ਇੰਡੀਆ ਮੈਡੀਕਲ ਕੌਂਸਲ ਰੂਲਜ਼ 1957 ਦੀ ਧਾਰਾ 10 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਇਸ ਦੁਆਰਾ ਪੰਜਾਬ ਰਾਜ ਦੇ ਖੇਤਰ ਵਿਚਲੇ ਰਜਿਸਟਰਡ ਮੈਡੀਕਲ ਗ੍ਰੈਜੂਏਟਸ (ਪੰਜਾਬ ਮੈਡੀਕਲ ਕੌਂਸਲ) ਤੋਂ ਮੈਡੀਕਲ ਕੌਂਸਲ ਆਫ ਇੰਡੀਆ ਦੇ ਇਕ ਮੈਂਬਰ ਦੀ ਚੋਣ ਲਈ ਚੋਣ ਅਨੁਸੂਚੀ ਸਬੰਧੀ ਸੂਚਿਤ ਕਰਦੀ ਹਾਂ।

## ਚੋਣ ਅਨੁਸੂਚੀ

| ਲੜੀ ਨੰ: | ਆਈਟਮ | ਤਾਰੀਖ ਅਤੇ ਸਮਾਂ |
|---|---|---|
| 1. | ਨਾਮਜ਼ਦਗੀ ਕਾਗਜ਼ਾਤ ਪ੍ਰਾਪਤ ਕਰਨ ਦੀ ਅੰਤਿਮ ਤਾਰੀਖ | 28.2.2007 (ਬੁੱਧਵਾਰ) ਸ਼ਾਮ 5.00 ਵਜੇ ਤੱਕ |
| 2. | ਨਾਮਜ਼ਦਗੀ ਕਾਗਜ਼ਾਤ ਦੀ ਜਾਂਚ-ਪੜਤਾਲ | 01.03.2007 (ਵੀਰਵਾਰ) |
| 3. | ਉਮੀਦਵਾਰ ਦੁਆਰਾ ਨਾਮਜ਼ਦਗੀਆਂ ਦੀ ਵਾਪਸੀ ਜੇਕਰ ਕੋਈ ਹੋਵੇ | 08.03.2007 (ਵੀਰਵਾਰ) ਸ਼ਾਮ 5.00 ਵਜੇ ਤੱਕ |
| 4. | ਵੋਟਰਾਂ ਨੂੰ ਵੋਟਿੰਗ ਪੇਪਰ ਭੇਜਣਾ | 14.3.2007 ਸ਼ਾਮ 5.00 ਵਜੇ ਤੱਕ |
| 5. | ਵੋਟਿੰਗ ਪੇਪਰਜ਼ ਪ੍ਰਾਪਤ ਕਰਨ ਦੀ ਅੰਤਿਮ ਤਾਰੀਖ | 29.3.2007 (ਵੀਰਵਾਰ) ਸ਼ਾਮ 5.00 ਵਜੇ ਤੱਕ |
| 6. | ਵੋਟਾਂ ਦੀ ਜਾਂਚ ਅਤੇ ਗਿਣਤੀ | 30.3.2007 (ਸ਼ੁੱਕਰਵਾਰ) ਸਵੇਰੇ 10.00 ਵਜੇ ਤੱਕ |
| 7. | ਨਤੀਜੇ ਦਾ ਐਲਾਨ | 30.3.2007 (ਸ਼ੁੱਕਰਵਾਰ) ਗਿਣਤੀ ਤੋਂ ਤੁਰੰਤ ਬਾਅਦ |

ਇੰਡੀਅਨ ਮੈਡੀਕਲ ਕੌਂਸਲ ਰੂਲਜ਼, 1957 ਦੀ ਧਾਰਾ 11 ਅਨੁਸਾਰ ਨਾਮਜ਼ਦਗੀਆਂ ਫਾਰਮ ਨੰ: 1 ਵਿਚ ਨਾਮਜ਼ਦਗੀ ਪੇਪਰ 'ਤੇ ਕੀਤੀਆਂ ਜਾਣੀਆਂ ਹਨ ਜੋ ਰਿਟਰਨਿੰਗ ਅਫ਼ਸਰ ਦੁਆਰਾ ਦਿੱਤਾ ਜਾਵੇਗਾ।

ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਜ਼ ਦੀ ਸੁਵਿਧਾ ਲਈ ਨਾਮਜ਼ਦਗੀ ਕਾਗਜ਼ ਦੇ ਸਿਰਲੇਖ ਅਧੀਨ ਰੂਲ ਦੀ ਧਾਰਾ 12 (1) ਨੂੰ ਹੇਠਾਂ ਮੁੜ ਪੇਸ਼ ਕੀਤਾ ਗਿਆ ਹੈ।

ਹਰੇਕ ਨਾਮਜ਼ਦਗੀ ਪੇਪਰ 'ਤੇ ਨਾਮਜ਼ਦ ਵਿਅਕਤੀ ਅਤੇ ਤਾਈਦ ਕਰਨ ਵਾਲੇ ਵਜੋਂ ਦੋ ਵੋਟਰਾਂ ਦੁਆਰਾ ਦਸਤਖਤ ਕੀਤੇ ਜਾਣ ਬਸ਼ਰਤੇ ਕਿ ਕੋਈ ਵੀ ਵੋਟਰ ਇਕ ਤੋਂ ਵਧੇਰੇ ਨਾਮਜ਼ਦਗੀ 'ਤੇ ਦਸਤਖਤ ਨਹੀ ਕਰੇਗਾ।

ਇਹ ਵੀ ਦਰਸਾਇਆ ਜਾਂਦਾ ਹੈ ਕਿ ਜੇਕਰ ਉਸੇ ਹੀ ਵੋਟਰ ਦੁਆਰਾ ਇਕ ਤੋਂ ਵਧੇਰੇ ਨਾਮਜ਼ਦਗੀ ਪੇਪਰ 'ਤੇ ਦਸਤਖਤ ਕੀਤੇ ਜਾਂਦੇ ਹਨ ਤਾਂ ਰਿਟਰਨਿੰਗ ਅਫ਼ਸਰ ਦੁਆਰਾ ਪਹਿਲਾਂ ਪ੍ਰਾਪਤ ਕੀਤੇ ਨਾਮਜ਼ਦਗੀ ਕਾਗਜ਼ਾਤ ਜੇਕਰ ਸਹੀ ਰੂਪ ਵਿਚ ਹੋਏ ਤਾਂ, ਵੈਧ ਮੰਨੇ ਜਾਣਗੇ ਅਤੇ ਜੇਕਰ ਉਸੇ ਵੋਟਰ ਦੁਆਰਾ ਦਸਤਖਤ ਕੀਤੇ ਇਕ ਤੋਂ ਵਧੇਰੇ ਨਾਮਜ਼ਦਗੀ ਕਾਗਜ਼ਾਤ ਰਿਟਰਨਿੰਗ ਅਫ਼ਸਰ ਦੁਆਰਾ ਇਕੋ ਸਮੇਂ ਪ੍ਰਾਪਤ ਹੁੰਦੇ ਹਨ ਤਾਂ ਅਜਿਹੇ ਸਾਰੇ ਨਾਮਜ਼ਦਗੀ ਕਾਗਜ਼ਾਤ ਅਵੈਧ ਮੰਨੇ ਜਾਣਗੇ।

ਨਾਮਜ਼ਦ ਕੀਤੇ ਉਮੀਦਵਾਰਾਂ ਜਾਂ ਉਨ੍ਹਾਂ ਦਾ ਬਕਾਇਦਾ ਅਧਿਕਾਰਤ ਪ੍ਰਤੀਨਿਧੀ ਨਾਮਜ਼ਦਗੀ ਕਾਗਜ਼ਾਤ ਦੀ ਜਾਂਚ ਦੀ ਪ੍ਰਕਿਰਿਆ ਵਿਚ ਅਤੇ ਵੋਟਾਂ ਦੀ ਗਿਣਤੀ ਸਮੇਂ ਹਾਜ਼ਰ ਹੋ ਸਕਦਾ ਹੈ।